# ਕੈਂਪ ਵਰਕਰ

## ਇਸ ਕਿੱਤੇ ਬਾਰੇ

ਕੈਂਪ ਵਰਕਰ, ਕਨਸਟਰੱਕਸ਼ਨ ਦੇ ਦੂਰ-ਦੁਰਾਡੇ ਦੇ ਕੈਂਪਾਂ ਵਿਚ ਖਾਣਿਆਂ ਦੀ ਪਲੈਨ ਬਣਾਉਂਦੇ ਹਨ, ਖਾਣੇ ਤਿਆਰ ਕਰਦੇ ਹਨ ਅਤੇ ਵਰਤਾਉਂਦੇ ਹਨ ਅਤੇ ਥਾਂਵਾਂ ਨੂੰ ਸਾਫ਼ ਕਰਦੇ ਹਨ। ਖਾਤਰਦਾਰੀ ਕਰਨ ਵਾਲੇ ਇਹ ਵਰਕਰ ਥਾਂ `ਤੇ ਇਕ ਜ਼ਰੂਰੀ ਰੋਲ ਨਿਭਾਉਂਦੇ ਹਨ!



"ਮੈਂ ਸਾਰਿਆਂ ਲਈ ਸਾਈਟ `ਤੇ ਘਰ ਵਰਗਾ ਸੁੱਖ ਤਿਆਰ ਕਰਨ ਵਿਚ ਮਦਦ ਕਰਦਾ ਹਾਂ। ਮੈਨੂੰ ਇਹ ਜਾਣਨਾ ਚੰਗਾ ਲੱਗਦਾ ਹੈ ਕਿ ਮੇਰਾ ਕੰਮ ਜ਼ਰੂਰੀ ਹੈ! "

ਘੰਟੇ ਦੀ ਤਨਖਾਹ

**$22.00-$36.00***

**2020 ਦੇ ਰੇਟ*

ਅਨੁਮਾਨਤ ਵਾਧਾ
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ✓ ਤੁਸੀਂ ਔਰਗੇਨਾਈਜ਼ਡ ਹੋ।
- ✓ ਤੁਸੀਂ ਨਿਗਰਾਨੀ ਨਾਲ ਅਤੇ ਨਿਗਰਾਨੀ ਤੋਂ ਬਿਨਾਂ ਚੰਗਾ ਕੰਮ ਕਰਦੇ ਹੋ।
- ✓ ਤੁਸੀਂ ਆਜ਼ਾਦ ਅਤੇ ਟੀਮ ਵਿਚ ਕੰਮ ਕਰਨ ਦਾ ਆਨੰਦ ਮਾਣਦੇ ਹੋ।

## ਜ਼ਿੰਮੇਵਾਰੀਆਂ

- ਰਸੋਈ ਦੇ ਸਾਜ਼-ਸਾਮਾਨ ਨੂੰ ਸੁਰੱਖਿਅਤ ਤਰੀਕੇ ਨਾਲ ਚਲਾਉਣਾ
- ਖਾਣੇ ਤਿਆਰ ਕਰਨਾ ਅਤੇ ਗਰਿੱਲਾਂ, ਓਵਨਾਂ ਅਤੇ ਫਰਾਇਰਾਂ ਦੀ ਵਰਤੋਂ ਨਾਲ ਖਾਣੇ ਪਕਾਉਣਾ
- ਸਿਹਤ/ਸਫ਼ਾਈ ਦੀਆਂ ਗਾਈਡਲਾਈਨਾਂ ਮੁਤਾਬਕ ਖਾਣਿਆਂ ਦੀ ਸਹੀ ਸਟੋਰੇਜ ਅਤੇ ਬਦਲੀ ਨੂੰ ਯਕੀਨੀ ਬਣਾਉਣਾ
- ਪ੍ਰੋਡਕਸ਼ਨ ਦੇ ਕੋਟੇ ਦੀ ਪਾਲਣਾ ਕਰਨਾ ਅਤੇ ਸਟਾਕ ਨੂੰ ਦੁਬਾਰਾ ਭਰਨਾ
- ਕਮਰਿਆਂ ਅਤੇ ਬਾਹਰੀ ਹਿੱਸਿਆਂ ਦੀ ਅੰਦਰਲੀ ਅਤੇ ਬਾਹਰਲੀ ਸਫ਼ਾਈ
- ਗਾਹਕਾਂ ਨੂੰ ਸਰਵਿਸ ਦੇਣਾ ਅਤੇ ਸ਼ਾਨਦਾਰ ਕਸਟਮਰ ਸਰਵਿਸ ਦੇਣਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਚੰਗੀ ਗੱਲਬਾਤ, ਪੜ੍ਹਨ ਅਤੇ ਹਿਸਾਬ ਦੇ ਹੁਨਰ
- ਸਮੱਸਿਆਵਾਂ ਦੇ ਹੱਲ ਕਰਨ ਅਤੇ ਪਲੈਨਿੰਗ ਕਰਨ ਦੇ ਹੁਨਰ
- ਝੁਕਣ, ਪਹੁੰਚ ਕਰਨ, ਘੁੰਮਣ ਅਤੇ ਲੰਬੇ ਸਮੇਂ ਲਈ ਖੜ੍ਹਨ ਦੀ ਸਮਰੱਥਾ
- ਚੰਗਾ ਸੰਤੁਲਨ ਅਤੇ ਤਕਰੀਬਨ 15 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਸਫ਼ਰ ਕਰਨ ਅਤੇ ਦੂਰ-ਦੁਰੇਡੀਆਂ ਥਾਂਵਾਂ ਵਿਚ ਕੰਮ ਕਰਨ ਦੀ ਸਮਰੱਥਾ
- ਸ਼ਿਫਟਾਂ ਵਿਚ ਅਤੇ ਬਦਲਵੇਂ ਸਮਿਆਂ `ਤੇ ਕੰਮ ਕਰਨ ਦੀ ਸਮਰੱਥਾ
- ਸਹਿਯੋਗ ਵਾਲੇ ਮਾਹੌਲ ਵਿਚ ਕੰਮ ਕਰਨ ਦੀ ਸਮਰੱਥਾ

College of the BC Building Trades

## ਕੀ ਤੁਹਾਨੂੰ ਪਤਾ ਸੀ?

ਯੂਨਾਈਟ ਹੇਅਰ ਲੋਕਲ 40 ਕੈਂਪ ਵਰਕਰਾਂ ਦੀ 70 ਨਾਲੋਂ ਜ਼ਿਆਦਾ ਸਾਲਾਂ ਤੋਂ ਨੁਮਾਇੰਦਗੀ ਕਰਦੀ ਆ ਰਹੀ ਹੈ – ਜੋ ਕਿ ਕੈਂਪ ਵਰਕਰਾਂ ਦੀ ਸੇਫਟੀ, ਹੈਲਥਕੇਅਰ ਅਤੇ ਆਦਰ ਲਈ ਹਿਮਾਇਤ ਕਰ ਰਹੀ ਹੈ।

info@collegeofthebcbt.ca | www.collegeofthebcbt.ca

UNITE HERE! LOCAL 40